ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ 2 ਸ਼ਾਖਾ)

ਸੇਵਾ ਵਿਖੇ,

ਡਾਇਰੈਕਟਰ,
ਸਿਹਤ ਤੇ ਪਰਿਵਾਰ ਭਲਾਈ,ਪੰਜਾਬ,
ਚੰਡੀਗੜ੍ਹ।
ਮਿਤੀ,ਚੰਡੀਗੜ੍ਹ: 14.03.22

ਵਿਸ਼ਾ:- ਪੀ.ਜੀ. ਵਿੱਚ ਚੋਣ ਹੋਣ ਉਪਰੰਤ ਫਾਰਮਲ ਐਨ.ਓ.ਸੀ. ਜਾਰੀ ਕਰਨ ਬਾਰੇ- ਡਾ. ਹਸਨ ਸਰਦਾਰ ਸਿੰਘ, ਮੈਡੀਕਲ ਅਫਸਰ, ਮੈਰਿਟ ਨੰ: 128/ਜ/ ਬੈਚ 2020, ਯੂ.ਪੀ.ਐਚ.ਸੀ..ਬੇਅੰਤ ਨਗਰ, ਬਠਿੰਡਾ ।

ਉਪਰੋਕਤ ਵਿਸ਼ੇ ਤੇ ਆਪ ਦੇ ਪੱਤਰ ਨੰ:ਈ 4(1)-ਪੰ:2022/1359 ਮਿਤੀ 07.03.2022 ਦੇ ਹਵਾਲੇ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਹਵਾਲਾ ਅਧੀਨ ਪੱਤਰ ਰਾਹੀ ਪ੍ਰਾਪਤ ਹੋਈ ਤਜਵੀਜ ਦੇ ਸਨਮੁੱਖ ਹੇਠ ਲਿਖੇ ਮੈਡੀਕਲ ਅਫਸਰ ਦੀ ਪੀ.ਜੀ. ਕੋਰਸ ਕਰਨ ਲਈ ਚੋਣ ਹੋਣ ਕਾਰਨ ਰਲੀਵ ਕਰਨ ਲਈ ਫਾਰਮਲ ਐਨ.ਓ.ਸੀ. ਡਾਕਟਰ ਨੂੰ ਪਹਿਲਾਂ ਜਾਰੀ ਕੀਤੇ ਪ੍ਰੋਵੀਜਨਲ ਐਨ.ਓ.ਸੀ. ਵਿੱਚ ਦਰਜ ਸ਼ਰਤਾਂ ਤੇ ਅਧਾਰਿਤ ਹੋਵੇਗਾ।

| ਲੜੀ ਨੰ: | ਡਾਕਟਰ ਦਾ ਨਾਮ, ਸੇਵਾ ਨੰ: ਅਤੇ ਮੌਜੂਦਾ ਪੋਸਟਿੰਗ | ਸਪੈਸ਼ਲਿਟੀ | ਸਰਕਾਰੀ ਮੈਡੀਕਲ ਕਾਲਜ ਦਾ ਨਾਮ ਜਿੱਥੇ ਸੀਟ ਮਿਲੀ ਹੈ | ਸਰਕਾਰਦੇ ਜਿਸ ਪੱਤਰ ਨਾਲ ਪਹਿਲਾਂ ਪ੍ਰੋਵੀਜਨਲ ਐਨ.ਓ.ਸੀ. ਜਾਰੀ ਕੀਤਾ ਗਿਆ ਹੈ। | ਕਿਸ ਕੈਟਾਗਰੀ ਵਿੱਚ ਪਹਿਲਾਂ ਐਨ.ਓ.ਸੀ. ਜਾਰੀ ਕੀਤਾ ਗਿਆ ਹੈ |
|---|---|---|---|---|---|
| 1 | 2 | 3 | 4 | 5 | 6 |
| 1. | ਡਾ. ਹਸਨ ਸਰਦਾਰ ਸਿੰਘ, ਮੈਡੀਕਲ ਅਫਸਰ, ਮੈਰਿਟ ਨੰ: 128/ਜ/ ਬੈਚ 2020, ਯੂ.ਪੀ.ਐਚ.ਸੀ. ਬੇਅੰਤ ਨਗਰ, ਬਠਿੰਡਾ | M.D._MS_ General Medicine | ਆਦੇਸ਼ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ ਅਤੇ ਖੋਜ, ਬਠਿੰਡਾ | HFW-HLH2026D/25/2022-4H2 /I/311566/2022 ਮਿਤੀ 28.01.2022 | ਨਾਨ ਇੰਨਸੈਂਟਿਵ ਕੈਟਾਗਿਰੀ ਅਧੀਨ |

ਸ਼ਰਤਾਂ:-

(1) ਉਕਤ ਡਾਕਟਰ ਨੂੰ ਰਲੀਵ ਕਰਨ ਤੋਂ ਪਹਿਲਾਂ ਸਰਕਾਰ ਵਲੋਂ ਜਾਰੀ ਕੀਤੇ ਗਏ ਪ੍ਰੋਵੀਜਨਲ ਐਨ.ਓ.ਸੀ ਵਿੱਚ ਦਰਜ਼ ਸ਼ਰਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਇਆ ਜਾਵੇ।

(2) ਸਬੰਧਤ ਸਿਵਲ ਸਰਜਨ/ ਮੈਡੀਕਲ ਸੁਪਰਡੰਟ/ਸੀਨੀਅਰ ਮੈਡੀਕਲ ਅਫਸਰ ਵਲੋਂ ਉਕਤ ਡਾਕਟਰ ਨੂੰ ਰਲੀਵ ਕਰਨ ਤੋਂ ਪਹਿਲਾਂ ਉਸ ਪਾਸੋਂ ਬਣਦਾ ਸੋਰਟੀ ਬਾਂਡ ਪ੍ਰਾਪਤ ਕਰਨ ਉਪਰੰਤ ਡਾਕਟਰ ਨੂੰ ਅਤੇ ਉਸ ਦੀ ਸੋਰਟੀ ਪਾਉਣ ਵਾਲੇ ਅਧਿਕਾਰੀਆਂ ਪਾਸੋਂ ਸੇਵਾ ਪੱਤਰੀਆਂ ਵਿੱਚ ਲੋੜੀਂਦਾ ਇਦਰਾਜ ਕਰਨਾ ਯਕੀਨੀ ਬਣਾਇਆ ਜਾਵੇ।

3. ਸਰਕਾਰ ਵੱਲੋਂ ਜਾਰੀ ਅਧਿਸੂਚਨਾ ਨੰ: 26/142/18-2ਸਿ2/1509055/1-3 ਮਿਤੀ 25.6.2019 ਦੇ ਸਨਮੁੱਖ ਪੀ.ਜੀ. ਪੜ੍ਹਾਈ ਲਈ ਮੈਡੀਕਲ ਅਫਸਰ ਨੂੰ ਐਨ.ਪੀ.ਏ. ਨਹੀਂ ਦਿੱਤਾ ਜਾਵੇਗਾ। ਜੇਕਰ ਬਾਅਦ ਵਿੱਚ ਕੋਈ ਪ੍ਰਤੀਕੂਲ ਮੁੱਦਾ ਸਾਹਮਣੇ ਆਉਣ ਕਾਰਨ ਜਾਰੀ ਕੀਤਾ ਜਾ ਰਿਹਾ ਐਨ.ਓ.ਸੀ ਮੁੜ ਵਿਚਾਰਿਆ ਜਾ ਸਕਦਾ ਹੈ।

4. ਇਹ ਪੱਤਰ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

ਸੁਪਰਡੰਟ

ਮਿਤੀ,ਚੰਡੀਗੜ੍ਹ: 14.03.22

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਿੰਸੀਪਲ, ਆਦੇਸ਼ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ ਅਤੇ ਖੋਜ, ਬਠਿੰਡਾ।
2. ਸਬੰਧਤ ਸਿਵਲ ਸਰਜਨ/ ਸੀਨੀਅਰ ਮੈਡੀਕਲ ਅਫਸਰ/ਮੈਡੀਕਲ ਸੁਪਰਡੰਟ (ਵੈਬਸਾਈਟ ਰਾਹੀ https://health.punjab.gov.in)
3. ਸਬੰਧਤ ਡਾਕਟਰ (ਵੈਬਸਾਈਟ ਰਾਹੀ https://health.punjab.gov.in)।

ਸੁਪਰਡੰਟ